# एहिओ चुन्नी लैणी ऐ

एहिओ चुन्नी लैणी ऐ मैं, एहिओ चुन्नी लैणी ऐ।।

जेहड़ी चुन्नी मईया जी दे, गले दा श्रृंगार ए।
जेहड़ी चुन्नी मईया जी ने, कित्ती स्वीकार ए।।
गोटे ते किनारे वाली...,एहिओ चुन्नी लैणी ऐ।
जग तो नियारी वाली...,एहिओ चुन्नी लैणी ऐ।
रंग गुलानारी वाली..., एहिओ चुन्नी लैणी ऐ।
सोहनी फुलकारी वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

चुन्नी लेके मईया जी ने, भगता नू तारया।
चुन्नी लेके रानी माँ ने, दुष्टा नू मारया ।।
कंजका दे प्यार वाली..., एहिओ चुन्नी लैणी ऐ।
चाह मलहार वाली..., एहिओ चुन्नी लैणी ऐ।
लाड ते दुलार वाली..., एहिओ चुन्नी लैणी ऐ।
मान सतिकार वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

एहो चुन्नी सभना दी, बिगड़ी बनाऊदीं ए।
एहो चुन्नी सुत्ते होए, भाग जगाउँदी ए।।
लाल लाल पीली पीली..., एहिओ चुन्नी लैणी ऐ।
छावी हरी नीली पीली..., एहिओ चुन्नी लैणी ऐ।
हीरिया दे जाल वाली..., एहिओ चुन्नी लैणी ऐ।
सब तो कमाल वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

चुन्नी लैन वाले ते, निहाल हो जानंगे।
चुन्नी लैन मईया कोलो, बार बार आनंगे।।
माँ नू मिलाऊंन वाली..., एहिओ चुन्नी लैणी ऐ।
सब नू रिझाउन वाली..., एहिओ चुन्नी लैणी ऐ।
मान संमान वाली..., एहिओ चुन्नी लैणी ऐ।
माँ दी पहचान वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

एहो चुन्नी सारया दे, ढक्क्दी ए परदे।
माँ नू भी पता असी, नौकर हां दर दे।।
करे खुशहाल जेहड़ी..., एहिओ चुन्नी लैणी ऐ।

करे मालामाल जेहड़ी..., एहिओ चुन्नी लैणी ऐ।
करे रखवाली जेहड़ी..., एहिओ चुन्नी लैणी ऐ।
सुहे सुहे चोल्ले वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

जदो भी ए चुन्नी माँ तो, चंचल ने लई ए।
किसे गल दी भी ओहनू, थोड़ ना रई ए।।
आसां ते मुरादा वाली..., एहिओ चुन्नी लैणी ऐ।
मीठी मीठी यादां वाली..., एहिओ चुन्नी लैणी ऐ।
खुशीआं वधाउन वाली..., एहिओ चुन्नी लैणी ऐ।
जग कल्यान वाली..., एहिओ चुन्नी लैणी ऐ।
एहिओ चुन्नी लैणी ऐ मैं, एहिओ चुन्नी लैणी ऐ।।।।

ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥

ਜੇਹੜੀ ਚੁੰਨੀ ਮਈਆ ਜੀ ਦੇ, ਗਲੇ ਦਾ ਸ਼ਿੰਗਾਰ ਏ।
ਜੇਹੜੀ ਚੁੰਨੀ ਮਈਆ ਜੀ ਨੇ, ਕੀਤੀ ਸਵੀਕਾਰ ਏ॥
ਗੋਟੇ ਤੇ ਕਿਨਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ।
ਜੱਗ ਤੋਂ ਨਿਆਰੀ ਵਾਲੀ,,, ਏਹੀਓ ਚੁੰਨੀ ਲੈਣੀ ਏ।
*ਰੰਗ ਗ਼ੁਲਾਨਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ।
ਸੋਹਣੀ ਫੁੱਲਕਾਰੀ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਆ ਮੈਂ, ਏਹੀਓ ਚੁੰਨੀ ਲੈਣੀ ਏ॥॥

ਚੁੰਨੀ ਲੈ ਕੇ ਮਈਆ ਜੀ ਨੇ, ਭਗਤਾਂ ਨੂੰ ਤਾਰਿਆ।
ਚੁੰਨੀ ਲੈ ਕੇ ਰਾਣੀ ਮਾਂ ਨੇ, ਦੁਸ਼ਟਾਂ ਨੂੰ ਮਾਰਿਆ॥
ਕੰਜ਼ਕਾਂ ਦੇ ਪਿਆਰ ਵਾਲੀ,,, ਏਹੀਓ ਚੁੰਨੀ ਲੈਣੀ ਏ।
ਚਾਅ ਮਲ੍ਹਾਰ ਵਾਲੀ,,, ਏਹੀਓ ਚੁੰਨੀ ਲੈਣੀ ਏ।
*ਲਾਡ ਤੇ ਦੁਲਾਰ ਵਾਲੀ,,, ਏਹੀਓ ਚੁੰਨੀ ਲੈਣੀ ਏ।
ਮਾਣ ਸਤਿਕਾਰ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥॥

ਏਹੋ ਚੁੰਨੀ ਸਭਨਾਂ ਦੀ, ਵਿਗੜੀ ਬਣਾਉਂਦੀ ਏ।
ਏਹੋ ਚੁੰਨੀ ਸੁੱਤੇ ਹੋਏ, ਭਾਗ ਜਗਾਉਂਦੀ ਏ॥
ਲਾਲ ਲਾਲ ਪੀਲੀ ਪੀਲੀ,,, ਏਹੀਓ ਚੁੰਨੀ ਲੈਣੀ ਏ।
ਛਾਂਵੀ ਹਰੀ ਨੀਲੀ ਪੀਲੀ,,, ਏਹੀਓ ਚੁੰਨੀ ਲੈਣੀ ਏ।
*ਹੀਰਿਆਂ ਦੇ ਜਾਲ ਵਾਲੀ,,, ਏਹੀਓ ਚੁੰਨੀ ਲੈਣੀ ਏ।
ਸਭ ਤੋਂ ਕਮਾਲ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥॥

ਚੁੰਨੀ ਲੈਣ ਵਾਲੇ ਤੇ, ਨਿਹਾਲ ਹੋ ਜਾਣਗੇ।
ਚੁੰਨੀ ਲੈਣ ਮਈਆ ਕੋਲੋਂ, ਵਾਰ ਵਾਰ ਆਣਗੇ॥
ਮਾਂ ਨੂੰ ਮਿਲਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ।

ਸਭ ਨੂੰ ਰਿਝਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ।
*ਮਾਣ ਸਨਮਾਨ ਵਾਲੀ,,, ਏਹੀਓ ਚੁੰਨੀ ਲੈਣੀ ਏ।
ਮਾਂ ਦੀ ਪਹਿਚਾਣ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥॥

ਏਹੋ ਚੁੰਨੀ ਸਾਰਿਆਂ ਦੇ, ਢੱਕਦੀ ਏ ਪਰਦੇ।
ਮਾਂ ਨੂੰ ਵੀ ਪਤਾ ਅਸੀਂ, ਨੌਕਰ ਹਾਂ ਦਰ ਦੇ॥
ਕਰੇ ਖੁਸ਼ਹਾਲ ਜੇਹੜੀ,,, ਏਹੀਓ ਚੁੰਨੀ ਲੈਣੀ ਏ।
ਕਰੇ ਮਾਲਾਮਾਲ ਜੇਹੜੀ,,, ਏਹੀਓ ਚੁੰਨੀ ਲੈਣੀ ਏ।
*ਕਰੇ ਰੱਖਵਾਲੀ ਜੇਹੜੀ,,, ਏਹੀਓ ਚੁੰਨੀ ਲੈਣੀ ਏ।
ਸੂਹੇ ਸੂਹੇ ਚੋਲੇ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥॥

ਜਦੋ ਵੀ ਏਹ ਚੁੰਨੀ ਮਾਂ ਤੋਂ, ਚੰਚਲ ਨੇ ਲਈ ਏ।
ਕਿਸੇ ਗੱਲ ਦੀ ਵੀ ਓਹਨੂੰ, ਥੋੜ ਨਾ ਰਹੀ ਏ॥
ਆਸਾਂ ਤੇ ਮੁਰਾਦਾਂ ਵਾਲੀ,,, ਏਹੀਓ ਚੁੰਨੀ ਲੈਣੀ ਏ।
ਮਿੱਠੀ ਮਿੱਠੀ ਯਾਦਾਂ ਵਾਲੀ,,, ਏਹੀਓ ਚੁੰਨੀ ਲੈਣੀ ਏ।
*ਖੁਸ਼ੀਆਂ ਵਧਾਉਣ ਵਾਲੀ,,, ਏਹੀਓ ਚੁੰਨੀ ਲੈਣੀ ਏ।
ਜੱਗ ਕਲਿਆਣ ਵਾਲੀ,,, ਏਹੀਓ ਚੁੰਨੀ ਲੈਣੀ ਏ।
ਏਹੀਓ ਚੁੰਨੀ ਲੈਣੀ ਏ ਮੈਂ, ਏਹੀਓ ਚੁੰਨੀ ਲੈਣੀ ਏ॥॥

ਅਪਲੋਡਰ- ਅਨਿਲਰਾਮੂਰਤੀਭੋਪਾਲ

स्वर : नरेन्द्र चंचल

https://www.bhajanganga.com/bhajan/lyrics/id/23012/title/ehio-chunni-laini-eh

अपने Android मोबाइल पर BhajanGanga App डाउनलोड करें और भजनों का आनंद ले |